**ਕਾਲਜ ਆਫ ਇੰਜੀਨੀਅਰਿੰਗ ਐਂਡ ਮੈਨੇਜਮੈਂਟ**
**ਪੰਜਾਬੀ ਯੂਨੀਵਰਸਿਟੀ ਨੇੱਬਰਹੁੱਡ ਕੈਂਪਸ, ਰਾਮਪੁਰਾ ਫੂਲ**

ਇਸ਼ਤਿਹਾਰ ਨੰ:875/ਸੀ.ਓ.ਈ.ਐੱਮ.ਰਾਮਪੁਰਾ ਫੂਲ ਮਿਤੀ:- 22-08-2024

## ਗੈਸਟ ਫੈਕਲਟੀ ਵਾਸਤੇ ਇੰਟਰਵਿਊ ਲਈ ਇਸ਼ਤਿਹਾਰ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ **ਕਾਲਜ ਆਫ਼ ਇੰਜੀਨੀਅਰਿੰਗ ਐਂਡ ਮੈਨੇਜਮੈਂਟ, ਪੰਜਾਬੀ ਯੂਨੀਵਰਸਿਟੀ ਨੇੱਬਰਹੁੱਡ ਕੈਂਪਸ, ਰਾਮਪੁਰਾ ਫੂਲ** ਵਿਖੇ ਅਕਾਦਮਿਕ ਸੈਸ਼ਨ 2024-25 ਦੌਰਾਨ ਹੇਠ ਦਿੱਤੇ ਟੇਬਲ ਵਿੱਚ ਦਰਸਾਏ ਵਿਸ਼ਿਆ ਲਈ ਗੈਸਟ ਫੈਕਲਟੀ ਅਧਿਆਪਕਾਂ ਦੀ ਲੈਕਚਰ ਬੇਸਿਜ਼ ਤੇ ਜ਼ਰੂਰਤ ਹੈ।

| Sr.No. | Subject | No. of Vacancies |
|---|---|---|
| 1. | Computer Science & Engineering | 01 |
| 2. | Mathematics | 01 |

1. ਉਮੀਦਵਾਰ ਯੂ.ਜੀ.ਸੀ.2018 ਦੀ ਗਾਈਡਲਾਈਨਜ਼ ਅਨੁਸਾਰ ਸਹਾਇਕ ਪ੍ਰੋਫੈਸਰ ਦੀਆਂ ਯੋਗਤਾਵਾਂ ਪੂਰੀਆਂ ਕਰਦਾ ਹੋਵੇ।
2. ਗੈਸਟ ਫੈਕਲਟੀ ਅਧਿਆਪਕਾਂ ਦੇ ਕਾਰਜ ਦੀ ਅਵਧੀ ਆਰਜ਼ੀ ਤੌਰ ਤੇ ਸਮੈਸਟਰ/ਅਕਾਦਮਿਕ ਕੈਲੰਡਰ ਅਨੁਸਾਰ ਅਗਸਤ, 2024 ਤੋਂ ਅਪ੍ਰੈਲ, 2025 ਤੱਕ ਹੋਵੇਗੀ।
3. ਗੈਸਟ ਫੈਕਲਟੀ ਅਧਿਆਪਕਾਂ ਨੂੰ ਅਧਿਆਪਨ ਕਾਰਜ ਦੇ ਮਿਹਨਤਾਨੇ ਵਜੋਂ ਅਦਾਇਗੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਿਯਮਾਂ ਅਨੁਸਾਰ ਕੀਤੀ ਜਾਵੇਗੀ।
4. ਗੈਸਟ ਫੈਕਲਟੀ ਅਧਿਆਪਕਾਂ ਨੂੰ ਲੈਕਚਰ ਲਗਾਉਣ ਤੋਂ ਇਲਾਵਾ ਹੋਰ ਵੀ ਅਕਾਦਮਿਕ ਕੰਮ ਸੌਂਪੇ ਜਾ ਸਕਦੇ ਹਨ।
5. ਕਿਸੇ ਵੀ ਵਿਸ਼ੇ ਲਈ ਇੰਟਰਵਿਊ ਕਰਵਾਉਣ ਜਾਂ ਰੱਦ ਕਰਨ ਦਾ ਅਧਿਕਾਰ ਡੀਨ, ਅਕਾਦਮਿਕ ਮਾਮਲੇ, ਪੰਜਾਬੀ ਯੂਨੀਵਰਸਿਟੀ,ਪਟਿਆਲਾ ਨੂੰ ਹੋਵੇਗਾ।
6. ਗੈਸਟ ਫੈਕਲਟੀ ਦੀਆਂ ਅਸਾਮੀਆਂ ਲੋੜ ਅਨੁਸਾਰ ਵਧਾਈਆਂ ਜਾਂ ਘਟਾਈਆਂ ਜਾ ਸਕਦੀਆਂ ਹਨ।
7. ਇੰਟਰਵਿਊ ਦੀ ਮਿਤੀ, ਸਮਾਂ ਅਤੇ ਸਥਾਨ ਬਾਰੇ ਉਮੀਦਵਾਰ ਨੂੰ ਉਸ ਵੱਲੋਂ ਦਿੱਤੀ ਗਈ ਨਿੱਜੀ ਈ-ਮੇਲ ਆਈ.ਡੀ. ਰਾਹੀਂ ਦੱਸਿਆ ਜਾਵੇਗਾ।

ਲੈਕਚਰ ਬੇਸਡ ਗੈਸਟ ਫੈਕਲਟੀ ਅਧਿਆਪਕ ਦੀ ਚੋਣ ਲਈ ਜਿਹੜੇ ਉਮੀਦਵਾਰ ਅਪਲਾਈ ਕਰਨਾ ਚਾਹੁੰਦੇ ਹਨ, ਉਹ ਆਪਣਾ ਬਿਨੈ-ਪੱਤਰ (ਸੈਲਫ ਅਟੈਸਟਿਡ ਦਸਤਾਵੇਜ਼ਾਂ ਸਮੇਤ) **ਮੁਖੀ, ਕਾਲਜ ਆਫ਼ ਇੰਜੀਨੀਅਰਿੰਗ ਐਂਡ ਮੈਨੇਜਮੈਂਟ, ਪੰਜਾਬੀ ਯੂਨੀਵਰਸਿਟੀ ਨੇੱਬਰਹੁੱਡ ਕੈਂਪਸ, ਰਾਮਪੁਰਾ ਫੂਲ (ਬਠਿੰਡਾ)** ਦੇ ਦਫਤਰ ਵਿਖੇ ਦਸਤੀ ਜਾਂ ਈ-ਮੇਲ coemrampuraphul@gmail.com ਤੇ ਇਕੋ ਪੀ.ਡੀ.ਐੱਫ. ਫਾਈਲ ਵਿੱਚ ਤਿਆਰ ਕਰਕੇ **ਆਖਰੀ ਮਿਤੀ 28-08-2024 ਤੱਕ ਭੇਜਿਆ ਜਾਵੇ।** ਇੰਟਰਵਿਊ ਵਿੱਚ ਹਾਜ਼ਰ ਹੋਣ ਵਾਲੇ ਉਮੀਦਵਾਰਾਂ ਨੂੰ ਕੋਈ ਟੀ.ਏ./ਡੀ.ਏ. ਭੱਤਾ ਆਦਿ ਨਹੀਂ ਦਿੱਤਾ ਜਾਵੇਗਾ। ਆਖਰੀ ਮਿਤੀ ਤੋਂ ਬਾਅਦ ਪ੍ਰਾਪਤ ਹੋਣ ਵਾਲੇ ਬਿਨੈ-ਪੱਤਰਾਂ ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ।

22/8/24

(ਡਾ.ਸੰਦੀਪ ਗੁਪਤਾ)
ਮੁਖੀ, ਸੀ.ਓ.ਈ.ਐੱਮ. ਰਾਮਪੁਰਾ ਫੂਲ

ਮੁਖੀ
ਕਾਲਜ ਆਫ਼ ਇੰਜੀਨੀਅਰਿੰਗ ਐਂਡ ਮੈਨੇਜਮੈਂਟ
ਪੰਜਾਬੀ ਯੂਨੀਵਰਸਿਟੀ ਨੇਬਰਹੁੱਡ ਕੈਂਪਸ
ਰਾਮਪੁਰਾ ਫੂਲ (ਬਠਿੰਡਾ)